EMPLOYMENT DEVELOPMENT DEPARTMENT
PO BOX 2530
RANCHO CORDOVA, CA 95741-2530

EDD ਟੋਲ-ਫ੍ਰੀ ਫ਼ੋਨ ਨੰਬਰ: 1-866-401-2849

# ਪਛਾਣ ਦੀ ਤਸਦੀਕ ਲਈ ਸਵੀਕਾਰਯੋਗ ਦਸਤਾਵੇਜ਼

**(ਜਦੋਂ ਤੱਕ ਕਿਸੇ ਹੋਰ ਤਰ੍ਹਾਂ ਨੋਟ ਨਹੀਂ ਕੀਤਾ ਜਾਂਦਾ ਓਦੋਂ ਤੱਕ ਕਾਪੀਆਂ ਸਬਮਿਟ ਕਰੋ)**

ਤੁਹਾਨੂੰ "**ਫ਼ੋਟੋ ਪਛਾਣ**" ਸੈਕਸ਼ਨ ਵਿੱਚੋਂ **ਇੱਕ** ਦਸਤਾਵੇਜ਼ ***ਅਤੇ*** "**ਹੋਰ ਪਛਾਣ ਦਸਤਾਵੇਜ਼**" ਸੈਕਸ਼ਨ ਵਿੱਚ ਦਿੱਤੇ ਗਏ ਦਸਤਾਵੇਜ਼ਾਂ ਵਿੱਚੋਂ ਘੱਟੋ-ਘੱਟ **ਇੱਕ** ਦਸਤਾਵੇਜ਼ ਪ੍ਰਦਾਨ ਕਰਨਾ ਪਵੇਗਾ। ਸਬਮਿਟ ਕੀਤੇ ਗਏ ਸਾਰੇ ਦਸਤਾਵੇਜ਼ਾਂ ਦੀ ਕਾਪੀ **8 ½ x 11 ਇੰਚ ਦੇ ਕਾਗਜ਼** 'ਤੇ ਬਣਾਈ ਜਾਣੀ ਚਾਹੀਦੀ ਹੈ ਅਤੇ ਉਸ ਵਿੱਚ ਹਰ ਪੰਨੇ 'ਤੇ ਤੁਹਾਡਾ ਸਮਾਜਕ ਸੁਰੱਖਿਆ ਨੰਬਰ (SSN) ਸ਼ਾਮਲ ਹੋਣਾ ਚਾਹੀਦਾ ਹੈ।

## ਫ਼ੋਟੋ ਪਛਾਣ

ਕਿਸੇ ਸਟੇਟ, ਸਥਾਨਕ ਜਾਂ ਸੰਘੀ ਏਜੰਸੀ ਦੁਆਰਾ ਜਾਰੀ ਕੀਤੇ ਗਏ ਇੰਨ੍ਹਾਂ ਦਸਤਾਵੇਜ਼ਾਂ ਵਿੱਚੋਂ ਕਿਸੇ **ਇੱਕ** ਦਸਤਾਵੇਜ਼ ਦੀ ਇੱਕ ਸਾਫ਼ ਅਤੇ ਪੜ੍ਹਨਯੋਗ ਕਾਪੀ ਪ੍ਰਦਾਨ ਕਰੋ ਜਿਸ ਵਿੱਚ ਤੁਹਾਡਾ ਨਾਂ, ਤੁਹਾਡੀ ਜਨਮ ਦੀ ਤਾਰੀਖ਼, ਅਤੇ ਤੁਹਾਡੀ ਫ਼ੋਟੋ ਸ਼ਾਮਲ ਹੈ:

- ਡ੍ਰਾਈਵਰ ਲਸੰਸ ਜਾਂ ID ਕਾਰਡ
- ਯੂ.ਐੱਸ. ਪਾਸਪੋਰਟ **ਜਾਂ** ਯੂ.ਐੱਸ. ਪਾਸਪੋਰਟ ਕਾਰਡ
- ਵਿਦੇਸ਼ੀ ਪਾਸਪੋਰਟ
- ਯੂ.ਐੱਸ. ਮਿਲਟਰੀ ਕਾਰਡ (ਅੱਗੇ ਅਤੇ ਪਿੱਛੇ)
- ਮਿਲਟਰੀ ਵਿਭਾਗ ਦਾ ID ਕਾਰਡ (ਅੱਗੇ ਅਤੇ ਪਿੱਛੇ)
- *ਯੂ.ਐੱਸ. ਸਿਟੀਜ਼ਨਸ਼ਿਪ ਅਤੇ ਇਮੀਗ੍ਰੇਸ਼ਨ ਸੇਵਾਵਾਂ (USCIS) ਦੁਆਰਾ ਜਾਰੀ ਕੀਤਾ ਗਿਆ ਰੁਜ਼ਗਾਰ ਅਧਿਕਾਰ ਦਸਤਾਵੇਜ਼ (USCIS ਫ਼ਾਰਮ I-766)*
- ਨਾਗਰਿਕਤਾ ਦਾ ਸਰਟੀਫਿਕੇਟ *(USCIS ਫ਼ਾਰਮ N-600)*
- ਨੈਚੁਰਲਾਈਜ਼ੇਸ਼ਨ ਦਾ ਸਰਟੀਫਿਕੇਟ*(USCIS ਫ਼ਾਰਮ N-550)*
- ਸਥਾਈ ਨਿਵਾਸੀ ਕਾਰਡ ਜਾਂ ਵਿਦੇਸ਼ੀ ਪੰਜੀਕਰਨ ਕਾਰਡ *(USCIS ਫ਼ਾਰਮ I-551)*

## ਹੋਰ ਪਛਾਣ ਦਸਤਾਵੇਜ਼

ਇੰਨ੍ਹਾਂ ਵਿੱਚੋਂ ਘੱਟੋ-ਘੱਟ **ਇੱਕ** ਦਸਤਾਵੇਜ਼ ਦੀ ਇੱਕ ਸਾਫ਼ ਅਤੇ ਪੜ੍ਹਨਯੋਗ ਕਾਪੀ ਜਾਂ ਅਸਲੀ ਦਸਤਾਵੇਜ਼ (ਜਿਵੇਂ ਨਿਰਧਾਰਿਤ ਕੀਤਾ ਗਿਆ ਹੈ) ਪ੍ਰਦਾਨ ਕਰੋ:

**ਰੁਜ਼ਗਾਰ ਡੇਟਾ**

- ਤੁਹਾਨੂੰ ਪਿਛਲੇ ਸਾਲ ਲਈ ਜਾਰੀ ਕੀਤੀ ਗਈ ਘੱਟੋ-ਘੱਟ ਇੱਕ W-2 ਦੀ ਕਾਪੀ; **ਜਾਂ**
- ਪਹਿਲੀ ਵਾਰੀ ਤੁਹਾਡਾ ਦਾਅਵਾ ਦਾਇਰ ਕਰਨ ਦੀ ਤਾਰੀਖ਼ ਤੋਂ ਪਹਿਲਾਂ ਬਾਰਾਂ ਮਹੀਨਿਆਂ ਦੇ ਅੰਦਰ ਤੁਹਾਡੇ ਮਾਲਕ ਦੁਆਰਾ ਤੁਹਾਨੂੰ ਜਾਰੀ ਕੀਤੇ ਗਏ ਘੱਟੋ-ਘੱਟ ਇੱਕ ਪ੍ਰੀ-ਪ੍ਰਿੰਟ ਕੀਤੇ ਚੈੱਕ ਸਟੱਬ ਜਾਂ ਭੁਗਤਾਨ ਦੀ ਸਟੇਟਮੈਂਟ ਦੀ ਕਾਪੀ ਅਤੇ ਜਿਸ ਵਿੱਚ ਇਹ ਸ਼ਾਮਲ ਹੋਣ:
    - o ਤੁਹਾਡਾ ਪਹਿਲਾ ਨਾਂ (ਜਾਂ ਨਾਉਂ ਅੱਖਰ) ਅਤੇ ਤੁਹਾਡਾ ਅਖ਼ੀਰਲਾ ਨਾਂ, **ਅਤੇ** SSN (ਘੱਟੋ-ਘੱਟ ਅਖ਼ੀਰਲੇ 4 ਅੰਕ) ਜਾਂ ਤੁਹਾਡਾ ਮੁਲਾਜ਼ਮ ਪਛਾਣ ਨੰਬਰ, **ਅਤੇ** ਮਾਲਕ ਦਾ ਨਾਂ, **ਅਤੇ** ਭੁਗਤਾਨ ਦੀ ਮਿਆਦ ਦੀਆਂ ਤਾਰੀਖ਼ਾਂ, ਜਾਂ ਚੈੱਕ ਸਟੱਬ ਜਾਂ ਭੁਗਤਾਨ ਦੀ ਸਟੇਟਮੈਂਟ ਜਾਰੀ ਕਰਨ ਦੀ ਤਾਰੀਖ਼।

**ਜਾਂ**

**ਪਤੇ ਦੀ ਤਸਦੀਕ** (ਤੁਹਾਡਾ **ਨਾਂ** ਅਤੇ ਮੌਜੂਦਾ **ਨਿਵਾਸ ਸਥਾਨ** ਦਾ ਪਤਾ ਵਿਖਾਉਂਦੇ ਹੋਏ)

- ਕਿਸੇ ਅਪਰਿਵਰਤਿਤ ਸਹੂਲਤ ਸੇਵਾ ਬਿਲ (ਬਿਜਲੀ, ਗੈਸ, ਕੂੜਾ, ਪਾਣੀ, ਜਾਂ ਸੀਵਰ), ਕੇਬਲ TV ਬਿਲ, ਫ਼ੋਨ ਬਿਲ, ਬੈਂਕ ਸਟੇਟਮੈਂਟ, ਪ੍ਰਾਪਰਟੀ ਟੈਕਸ ਬਿਲ, ਮੌਰਗਿਜ ਸਟੇਟਮੈਂਟ ਜਾਂ ਮੌਜੂਦਾ ਅਤੇ ਸੰਪੂਰਨ ਕਿਰਾਏਦਾਰੀ/ਲੀਜ਼ ਸਮਝੌਤਾ, **ਜਾਂ**
- ਕਿਸੇ ਪੋਸਟ ਆਫ਼ਿਸ ਬਾਕਸ ਜਾਂ ਪ੍ਰਾਈਵੇਟ ਮੇਲ ਬਾਕਸ ਦੇ ਕਿਰਾਏਦਾਰ/ਅਧਿਕਾਰਤ ਵਰਤੋਂਕਾਰ ਦੇ ਤੌਰ 'ਤੇ ਰਜਿਸਟ੍ਰੇਸ਼ਨ ਦੀ ਤਸਦੀਕ ਦੀ ਕਾਪੀ।

**ਜਾਂ**

**ਸਮਾਜਕ ਸੁਰੱਖਿਆ ਨੰਬਰ ਦੀ ਤਸਦੀਕ** *(ਇੱਕ ਸਮਾਜਕ ਸੁਰੱਖਿਆ ਕਾਰਡ ਇਸ ਸ਼ਰਤ ਨੂੰ ਪੂਰਾ ਨਹੀਂ ਕਰੇਗਾ)*।

- ਤੁਹਾਡੀ ***ਸਮਾਜਕ ਸੁਰੱਖਿਆ ਸਟੇਟਮੈਂਟ*** ਦੀ ਸੰਪੂਰਨ ਕਾਪੀ (ਪੰਨੇ 1, 2, ਅਤੇ 3) ਜੇ **socialsecurity.gov/myaccount** 'ਤੇ ਆਨਲਾਈਨ ਉਪਲਬਧ ਹੈ, **ਜਾਂ**
- ਤੀਜੀ ਧਿਰ ਨੂੰ ਸਮਾਜਕ ਸੁਰੱਖਿਆ ਨੰਬਰ ਅਸਾਈਨਮੈਂਟ ਦਾ ਅਸਲੀ ਨੋਟਿਸ (*SSA ਫ਼ਾਰਮ 7028*); **ਜਾਂ**
- ਗੁਪਤ ਸਮਾਜਿਕ ਸੁਰੱਖਿਆ ਲਾਭ ਜਾਣਕਾਰੀ ਦੀ ਅਸਲੀ ਰਿਪੋਰਟ (*SSA ਫ਼ਾਰਮ 2458*)।

**ਜਾਂ**

**ਜਨਮ ਦੀ ਤਾਰੀਖ਼ ਦੀ ਤਸਦੀਕ**

- ਕਿਸੇ ਸਥਾਨਕ ਸਟੇਟ, ਜਾਂ ਸੰਘੀ ਏਜੰਸੀ, ਜਾਂ ਕਿਸੇ ਵਿਦੇਸ਼ੀ ਸਰਕਾਰ ਦੁਆਰਾ ਜਾਰੀ ਕੀਤੇ ਗਏ ਅਧਿਕਾਰਤ ਜਨਮ ਦੇ ਸਰਟੀਫਿਕੇਟ ਦੀ ਕਾਪੀ, ਜਾਂ ਤੁਹਾਡੇ ਜਨਮ ਦਾ ਕੋਈ ਹੋਰ ਅਧਿਕਾਰਤ ਪ੍ਰਮਾਣੀਕਰਣ। "ਜਾਣਕਾਰੀ, ਪਛਾਣ ਸਥਾਪਿਤ ਕਰਨ ਲਈ ਇੱਕ ਵੈਧ ਦਸਤਾਵੇਜ਼ ਨਹੀਂ ਹੈ," ਦੇ ਤੌਰ 'ਤੇ ਮਾਰਕ ਕੀਤਾ ਗਿਆ ਜਨਮ ਦਾ ਸਰਟੀਫਿਕੇਟ ਸਵੀਕਾਰਯੋਗ ਤਸਦੀਕ ਨਹੀਂ ਹੈ। ਸਿਰਫ਼ ਜਨਮ ਦੇ ਸਰਟੀਫਿਕੇਟ ਦਾ ਅਧਿਕਾਰਤ ਅਨੁਵਾਦ ਜਨਮ ਦੀ ਤਾਰੀਖ਼ ਦੀ ਤਸਦੀਕ ਲਈ ਸਵੀਕਾਰਯੋਗ ਨਹੀਂ ਹੈ। ਅਧਿਕਾਰਤ ਜਨਮ ਦੇ ਸਰਟੀਫਿਕੇਟ ਨਾਲ ਅਧਿਕਾਰਤ ਅਨੁਵਾਦ ਨੱਥੀ ਕੀਤਾ ਜਾਣਾ ਚਾਹੀਦਾ ਹੈ।